# ਇਕ ਕਾਰਡ। ਤਿੰਨ ਰੂਪ।

**ਡਰਾਈਵਰ ਦਾ ਲਾਇਸੰਸ ਅਤੇ ਸਰਵਿਸਿਜ਼ ਕਾਰਡ (ਸਾਂਝਾ ਕਾਰਡ)**
ਬੀ ਸੀ ਸਰਵਿਸਿਜ਼ ਕਾਰਡ ਨੂੰ ਬੀ ਸੀ ਡਰਾਈਵਰ ਦੇ ਲਾਇਸੰਸ ਨਾਲ ਸਾਂਝਾ ਕੀਤਾ ਜਾ ਸਕਦਾ ਹੈ।




**ਬੀ ਸੀ ਸਰਵਿਸਿਜ਼ ਕਾਰਡ (ਫੋਟੋ ਕਾਰਡ)**
ਫੋਟੋ ਕਾਰਡ, ਸਾਂਝੇ ਕਾਰਡ ਦਾ ਬਦਲ ਹੈ।




**ਬੀ ਸੀ ਸਰਵਿਸਿਜ਼ ਕਾਰਡ (ਬਿਨਾਂ ਫੋਟੋ ਦੇ ਕਾਰਡ)**
ਕੁਝ ਲੋਕ ਜਿਵੇਂ ਕਿ ਬਜ਼ੁਰਗ, ਬੱਚੇ, ਅਤੇ ਟੈਂਪਰੇਰੀ ਇਮੀਗਰੇਸ਼ਨ ਦਰਜੇ ਵਾਲੇ ਲੋਕ ਬਿਨਾਂ ਫੋਟੋ ਵਾਲਾ ਬੀ ਸੀ ਸਰਵਿਸਿਜ਼ ਕਾਰਡ ਰੱਖ ਸਕਦੇ ਹਨ।




## ਜ਼ਿਆਦਾ ਜਾਣੋ:

BCServicesCard.ca
604.660.2421 (ਮੈਟਰੋ ਵੈਨਕੂਵਰ)
250.387.6121 (ਵਿਕਟੋਰੀਆ)
1.800.663.7867 (ਬੀ ਸੀ ਵਿਚ ਹੋਰ ਕਿਤਿਉਂ ਵੀ)

**ਨਿੱਜੀ ਜਾਣਕਾਰੀ ਇਕੱਠੀ ਕਰਨ ਬਾਰੇ ਸੂਚਨਾ**
ਜਿਹੜੀ ਨਿੱਜੀ ਜਾਣਕਾਰੀ ਤੁਸੀਂ ਐੱਚ ਆਈ ਬੀ ਸੀ ਜਾਂ ਆਈ ਸੀ ਬੀ ਸੀ ਵਿਖੇ ਦਿੰਦੇ ਹੋ ਉਹ ਅੱਗੇ ਲਿਖੇ ਮੰਤਵਾਂ ਲਈ ਇਕੱਠੀ ਕੀਤੀ ਜਾਂਦੀ ਹੈ:

- ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ਵਿਚ ਇਨਰੋਲਮੈਂਟ (ਦਾਖਲੇ) ਲਈ; ਅਤੇ,
- ਬੀ ਸੀ ਸਰਵਿਸਿਜ਼ ਕਾਰਡ ਅਤੇ ਇਸ ਦੇ ਅਧਿਕਾਰਤ ਪ੍ਰੋਗਰਾਮਾਂ ਨੂੰ ਅਰਜ਼ੀ ਲਈ।

ਨਿੱਜੀ ਜਾਣਕਾਰੀ ਫ੍ਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ (ਐੱਫ ਆਈ ਪੀ ਪੀ ਏ) ਦੇ ਸੈਕਸ਼ਨ 26 (ਸੀ) ਦੇ ਹੱਕ ਅਧੀਨ ਇਕੱਠੀ ਕੀਤੀ ਜਾਂਦੀ ਹੈ। ਇਹ ਜਾਣਕਾਰੀ ਐੱਫ ਆਈ ਪੀ ਪੀ ਏ ਦੇ ਸੈਕਸ਼ਨ 33 ਮੁਤਾਬਕ ਅਗਾਂਹ ਦਿੱਤੀ ਜਾ ਸਕਦੀ ਹੈ।

ਆਪਣੀ ਨਿੱਜੀ ਜਾਣਕਾਰੀ ਦੇ ਇਕੱਤਰੀਕਰਣ ਅਤੇ ਵਰਤੋਂ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ PO Box 9412, Stn Prov Government, Victoria, BC V8W 9V1 ’ਤੇ ਮੈਨੇਜਰ ਸਰਵਿਸ ਡਲਿਵਰੀ ਨਾਲ ਸੰਪਰਕ ਕਰੋ ਜਾਂ 604.660.2421 (ਮੈਟਰੋ ਵੈਨਕੂਵਰ), 250.387.6121 (ਵਿਕਟੋਰੀਆ) ਜਾਂ 1.800.663.7867 (ਬੀ ਸੀ ਵਿਚ ਹੋਰ ਕਿਤਿਉਂ ਵੀ) ’ਤੇ ਫੋਨ ਕਰੋ।

ਜਾਰੀ ਕੀਤਾ: ਦਸੰਬਰ 2012

# ਬੀ ਸੀ ਸਰਵਿਸਿਜ਼ ਕਾਰਡ।
## ਤੁਹਾਡਾ ਕੇਅਰ ਕਾਰਡ, ਅਤੇ ਹੋਰ ਬਹੁਤ ਕੁਝ।




BRITISH COLUMBIA

# ਇਕ ਕਾਰਡ। ਬਹੁਤ ਸਾਰੀਆਂ ਸੇਵਾਵਾਂ।

ਨਵਾਂ ਬੀ ਸੀ ਸਰਵਿਸਿਜ਼ ਕਾਰਡ, ਬੀ ਸੀ ਦੇ ਹੈਲਥ ਕੇਅਰ ਸਿਸਟਮ ਨੂੰ ਆਧੁਨਿਕ ਬਣਾਉਣ ਦੀ ਸਰਕਾਰ ਦੀ ਯੋਜਨਾ ਦਾ ਹਿੱਸਾ ਹੈ। ਇਹ ਤੁਹਾਡੇ ਕੇਅਰ ਕਾਰਡ ਦੀ ਥਾਂ ਲੈਂਦਾ ਹੈ, ਤੁਹਾਡੇ ਡਰਾਈਵਰ ਦੇ ਲਾਇਸੰਸ ਨਾਲ ਜੋੜਿਆ ਜਾ ਸਕਦਾ ਹੈ, ਅਤੇ ਇਹ ਤੁਹਾਡੀ ਫੋਟੋ ਵਾਲੀ ਪਛਾਣ ਦੇ ਤੌਰ 'ਤੇ ਵੀ ਕੰਮ ਕਰਦਾ ਹੈ। ਇਹ ਜ਼ਿਆਦਾ ਸਹੂਲਤ ਵਾਲਾ, ਜ਼ਿਆਦਾ ਸੁਰੱਖਿਅਤ ਹੈ ਅਤੇ ਭਵਿੱਖ ਵਿਚ ਸਰਕਾਰੀ ਦੀਆਂ ਹੋਰ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰੇਗਾ।

ਬਹੁਤੇ ਬਾਲਗਾਂ ਨੂੰ ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ਵਿਚ ਆਪਣੀ ਇਨਰੋਲਮੈਂਟ 2018 ਤੱਕ ਨਵਿਆਉਣੀ ਪਵੇਗੀ ਅਤੇ ਡਰਾਈਵਰ ਦਾ ਲਾਇਸੰਸ ਬਣਾਉਣ ਵਾਲੇ ਦਫਤਰ (ਡੀ ਐੱਲ ਓ) ਵਿਚ ਬੀ ਸੀ ਸਰਵਿਸਿਜ਼ ਕਾਰਡ ਲਈ ਅਪਲਾਈ ਕਰਨਾ ਪਵੇਗਾ।

ਜੇ ਤੁਸੀਂ ਆਪਣੇ ਕੇਅਰ ਕਾਰਡ ਨੂੰ ਆਪਣੇ ਡਰਾਈਵਰ ਦੇ ਲਾਇਸੰਸ ਨਾਲ ਜੋੜਨ ਦੀ ਚੋਣ ਕਰਦੇ ਹੋ ਤਾਂ ਤੁਹਾਡੀ ਪ੍ਰਾਈਵੇਸੀ ਦੀ ਰਖਵਾਲੀ ਕੀਤੀ ਜਾਵੇਗੀ। ਇਲਾਜ ਦੀਆਂ ਸੇਵਾਵਾਂ ਦੇਣ ਵਾਲੇ ਤੁਹਾਡਾ ਡਰਾਈਵਿੰਗ ਦਾ ਰਿਕਾਰਡ ਨਹੀਂ ਦੇਖ ਸਕਣਗੇ, ਅਤੇ ਪੁਲੀਸ ਜਾਂ ਆਈ ਸੀ ਬੀ ਸੀ ਦੇ ਏਜੰਟ ਤੁਹਾਡੀ ਸਿਹਤ ਜਾਣਕਾਰੀ ਤੱਕ ਪਹੁੰਚ ਕਰਨ ਦੇ ਯੋਗ ਨਹੀਂ ਹੋਣਗੇ।

ਆਪਣੇ ਬੀ ਸੀ ਸਰਵਿਸਿਜ਼ ਕਾਰਡ ਦੀ ਵਰਤੋਂ ਉਸ ਤਰੀਕੇ ਨਾਲ ਕਰੋ ਜਿਸ ਤਰੀਕੇ ਨਾਲ ਤੁਸੀਂ ਅੱਜ ਸਿਹਤ ਸੇਵਾਵਾਂ ਲੈਣ ਲਈ ਆਪਣੇ ਕੇਅਰ ਕਾਰਡ ਦੀ ਕਰਦੇ ਹੋ।

## ਮੈਨੂੰ ਕੀ ਕਰਨ ਦੀ ਲੋੜ ਹੈ?

***ਮੈਂ ਇਕ ਬਾਲਗ ਹਾਂ ਅਤੇ ਬੀ ਸੀ ਵਿਚ ਰਹਿੰਦਾ ਹਾਂ:***
ਤੁਸੀਂ ਐੱਮ ਐੱਸ ਪੀ ਵਿਚ ਆਪਣੀ ਇਨਰੋਲਮੈਂਟ ਉਸ ਵੇਲੇ ਹੀ ਨਵਿਆ ਸਕਦੇ ਹੋ ਅਤੇ ਬੀ ਸੀ ਸਰਵਿਸਿਜ਼ ਕਾਰਡ ਲਈ ਅਪਲਾਈ ਕਰ ਸਕਦੇ ਹੋ ਜਦੋਂ ਤੁਸੀਂ ਆਪਣਾ ਡਰਾਈਵਰ ਦਾ ਲਾਇਸੰਸ ਜਾਂ ਬੀ ਸੀ ਆਈ ਡੀ ਨਵਿਆਉਗੇ। ਭਾਵੇਂ ਤੁਸੀਂ ਗੱਡੀ ਨਹੀਂ ਵੀ ਚਲਾਉਂਦੇ ਜਾਂ ਤੁਹਾਡੇ ਕੋਲ ਬੀ ਸੀ ਆਈ ਡੀ ਨਹੀਂ ਹੈ, ਤਾਂ ਵੀ ਤੁਹਾਨੂੰ 2018 ਤੋਂ ਪਹਿਲਾਂ ਆਈ ਸੀ ਬੀ ਸੀ ਦੇ ਕਿਸੇ ਵੀ ਡੀ ਐੱਲ ਓ ਵਿਖੇ ਇਨਰੋਲਮੈਂਟ ਨਵਿਆਉਣ ਦੀ ਅਤੇ ਬੀ ਸੀ ਸਰਵਿਸਿਜ਼ ਕਾਰਡ ਲਈ ਅਪਲਾਈ ਕਰਨ ਦੀ ਲੋੜ ਪਵੇਗੀ।

75 ਅਤੇ ਜ਼ਿਆਦਾ ਸਾਲਾਂ ਦੇ ਬਾਲਗਾਂ ਨੂੰ ਐੱਮ ਐੱਸ ਪੀ ਵਿਚ ਇਨਰੋਲਮੈਂਟ ਨਵਿਆਉਣ ਦੀ ਲੋੜ ਨਹੀਂ ਹੈ ਪਰ ਉਹ ਆਪਣਾ ਬੀ ਸੀ ਆਈ ਡੀ ਜਾਂ ਡਰਾਈਵਰ ਦਾ ਲਾਇਸੰਸ ਨਵਿਆਉਣ ਵੇਲੇ ਬੀ ਸੀ ਸਰਵਿਸਿਜ਼ ਕਾਰਡ ਲਈ ਅਪਲਾਈ ਕਰ ਸਕਦੇ ਹਨ। ਜਿਹੜੇ ਬਾਲਗ ਸਰੀਰਕ ਤੌਰ 'ਤੇ ਡੀ ਐੱਲ ਓ ਨਹੀਂ ਜਾ ਸਕਦੇ, ਉਨ੍ਹਾਂ ਨੂੰ ਆਪਣਾ ਕਾਰਡ ਲੈਣ ਬਾਰੇ ਜ਼ਿਆਦਾ ਜਾਣਕਾਰੀ ਲਈ ਹੈਲਥ ਇਨਸ਼ੋਰੈਂਸ ਬੀ ਸੀ ਨਾਲ ਸੰਪਰਕ ਕਰਨ ਦੀ ਲੋੜ ਪਵੇਗੀ।

***ਮੇਰੇ ਬੱਚੇ ਹਨ:***
19 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਐੱਮ ਐੱਸ ਪੀ ਵਿਚ ਇਨਰੋਲਮੈਂਟ ਨਵਿਆਉਣ ਦੀ ਲੋੜ ਨਹੀਂ ਹੈ ਅਤੇ ਉਹ ਆਪਣਾ ਕੇਅਰ ਕਾਰਡ ਵਰਤਣਾ ਜਾਰੀ ਰੱਖ ਸਕਦੇ ਹਨ। ਸਾਰੇ ਨਵਜੰਮੇ ਬੱਚਿਆਂ ਨੂੰ ਬੀ ਸੀ ਸਰਵਿਸਿਜ਼ ਕਾਰਡ ਜਾਰੀ ਕੀਤਾ ਜਾਵੇਗਾ।

***ਮੈਂ ਬੀ ਸੀ ਵਿਚ ਨਵਾਂ ਹਾਂ:***
ਜੇ ਤੁਸੀਂ ਬੀ ਸੀ ਵਿਚ ਨਵੇਂ ਹੋ ਤਾਂ ਤੁਹਾਨੂੰ ਪਹਿਲਾਂ ਹੈਲਥ ਇਨਸ਼ੋਰੈਂਸ ਬੀ ਸੀ ਕੋਲ ਇਕ ਐੱਮ ਐੱਸ ਪੀ ਇਨਰੋਲਮੈਂਟ ਅਰਜ਼ੀ ਦਰਜ ਕਰਵਾ ਕੇ ਇਨਰੋਲ ਹੋਣਾ ਪਵੇਗਾ, ਅਤੇ ਫਿਰ ਆਪਣੀ ਆਪਣੀ ਇਨਰੋਲਮੈਂਟ ਮੁਕੰਮਲ ਕਰਨ ਲਈ ਅਤੇ ਆਪਣੇ ਬੀ ਸੀ ਸਰਵਿਸਿਜ਼ ਕਾਰਡ ਲਈ ਅਪਲਾਈ ਕਰਨ ਲਈ ਆਈ ਸੀ ਬੀ ਸੀ ਡੀ ਐੱਲ ਓ ਜਾਣਾ ਪਵੇਗਾ।

## ਜੇ ਮੈਂ ਅਪਲਾਈ ਨਾ ਕਰਾਂ ਤਾਂ ਕੀ ਹੋਵੇਗਾ?

ਕੇਅਰ ਕਾਰਡ ਅਤੇ ਗੋਲਡ ਕੇਅਰ ਕਾਰਡ ਸਿਹਤ ਸੇਵਾਵਾਂ ਲੈਣ ਲਈ ਸਾਲ 2018 ਤੱਕ ਵਰਤਣੇ ਜਾਰੀ ਰੱਖੇ ਜਾ ਸਕਦੇ ਹਨ। 2018 ਤੋਂ ਬਾਅਦ, ਐੱਮ ਐੱਸ ਪੀ ਵਿਚ ਇਨਰੋਲਮੈਂਟ ਨਵਿਆਉਣ ਵਿਚ ਫੇਲ੍ਹ ਹੋਣ ਦਾ ਨਤੀਜਾ ਐੱਮ ਐੱਸ ਪੀ ਕਵਰੇਜ ਦੇ ਕੈਂਸਲ ਹੋਣ ਵਿਚ ਨਿਕਲ ਸਕਦਾ ਹੈ। ਇਸ ਦਾ ਮਤਲਬ ਹੈ ਕਿ ਤੁਹਾਨੂੰ ਮੈਡੀਕਲ ਸੇਵਾਵਾਂ ਲਈ ਖਰਚਾ ਦੇਣਾ ਪੈ ਸਕਦਾ ਹੈ, ਜਿਵੇਂ ਕਿ ਆਪਣੇ ਡਾਕਟਰ ਕੋਲ ਜਾਣਾ। ਐਮਰਜੰਸੀ ਹਾਲਤਾਂ ਵਿਚ, ਕਿਸੇ ਨੂੰ ਵੀ ਜ਼ਰੂਰੀ ਮੈਡੀਕਲ ਸੇਵਾਵਾਂ ਤੋਂ ਨਾਂਹ ਨਹੀਂ ਕੀਤੀ ਜਾਵੇਗੀ।

## ਆਪਣੇ ਬੀ ਸੀ ਸਰਵਿਸਿਜ਼ ਕਾਰਡ ਲਈ ਅਪਲਾਈ ਕਿਵੇਂ ਕਰਨਾ ਹੈ ਅਤੇ ਐੱਮ ਐੱਸ ਪੀ ਵਿਚ ਇਨਰੋਲਮੈਂਟ ਕਿਵੇਂ ਨਵਿਆਉਣੀ ਹੈ:

1. ਆਪਣਾ ਡਰਾਈਵਰ ਦਾ ਲਾਇਸੰਸ ਜਾਂ ਬੀ ਸੀ ਆਈ ਡੀ ਨਵਿਆਉਣ ਲਈ, ਜਾਂ ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ਵਿਚ ਇਨਰੋਲਮੈਂਟ ਨਵਿਆਉਣ/ ਮੁਕੰਮਲ ਕਰਨ ਲਈ ਡਾਕ ਰਾਹੀਂ ਚਿੱਠੀ ਪ੍ਰਾਪਤ ਕਰੋ।

2. ਇਹ ਪੱਕਾ ਕਰਨ ਲਈ ਆਪਣੇ ਡਰਾਈਵਰ ਦੇ ਲਾਇਸੰਸ ਅਤੇ ਕੇਅਰ ਕਾਰਡ ਉਪਰ ਆਪਣਾ ਨਾਂ ਚੈੱਕ ਕਰੋ ਕਿ ਇਹ ਬਿਲਕੁਲ ਮਿਲਦੇ ਹਨ। ਜੇ ਨਾ ਮਿਲਦੇ ਹੋਣ ਤਾਂ ਹੈਲਥ ਇਨਸ਼ੋਰੈਂਸ ਬੀ ਸੀ ਨੂੰ 604.683.7151 'ਤੇ ਜਾਂ 1.800.663.7100 'ਤੇ ਫੋਨ ਕਰ

3. 

2 ਪਛਾਣ ਪੱਤਰਾਂ ਨਾਲ ਆਈ ਸੀ ਬੀ ਸੀ ਡਰਾਈਵਰ ਲਾਇਸੰਸਿੰਗ ਦੇ ਦਫਤਰ ਜਾਉ। ਜੇ ਤੁਹਾਡੇ ਕੋਲ ਹੋਵੇ ਤਾਂ ਆਪਣਾ ਕੇਅਰ ਕਾਰਡ ਨਾਲ ਲਿਆਉ।

4. ਇਹ ਪੁਸ਼ਟੀ ਕਰੋ ਕਿ ਤੁਸੀਂ ਬੀ ਸੀ ਦੇ ਵਸਨੀਕ ਹੋ ਅਤੇ ਆਪਣੀ ਫੋਟੋ ਖਿਚਾਉ।

5. 

ਆਪਣਾ ਨਵਾਂ ਬੀ ਸੀ ਸਰਵਿਸਿਜ਼ ਕਾਰਡ ਡਾਕ ਰਾਹੀਂ ਪ੍ਰਾਪਤ ਕਰੋ।